# ਸਾਹਿਤ ਅਤੇ ਸਮਾਜ

**ਜਾਣ-ਪਛਾਣ :-** ਸਾਹਿਤ ਆਪ ਇਕ ਸਮਾਜਕ ਸੰਸਥਾ ਹੈ। ਅਤੇ ਇਸਦਾ ਮਾਧਿਅਮ 'ਬੋਲੀ' ਵੀ ਸਮਾਜ ਦਾ ਸਿਰਜਿਆ ਹੋਇਆ ਹੈ। ਏਸ ਪੱਖੋਂ ਸਾਹਿਤ ਬਾਕੀ ਸਾਰੀਆਂ ਕਲਾਵਾਂ ਤੋਂ ਵੱਖਰਾ ਹੈ। ਚਿੱਤਰ, ਸੰਗੀਤ, ਆਦਿਕ ਆਦਿ ਕਲਾ ਮਾਧਿਅਮ ਪ੍ਰਕਿਰਤਕ ਹਨ ਪਰ ਬੋਲੀ ਸਮਾਜ-ਸਿਰਜਤ ਹੈ। ਕਵਿਤਾ ਵਿਚ ਵਰਤੀਂਦੇ ਪ੍ਰਤੀਕ ਵੀ ਸਮਾਜ ਦੀ ਉਪਜ ਹਨ। ਜਿਵੇਂ ਕਿ ਛੰਦ, ਅਲੰਕਾਰ, ਮੁਹਾਵਰਾ, ਆਦਿ ਕਾਵਿ-ਜੁਗਤਾਂ ਦਾ ਜਨਮ ਹੀ ਸਮਾਜ ਵਿਚ ਹੀ ਸੰਭਵ ਹੈ। ਕੁਝ ਸਮੀਖਿਆਕਾਰ 'ਸਾਹਿਤ ਨੂੰ ਸਮਾਜ' ਦਾ ਪ੍ਰਤੀਬਿੰਬ ਨਹੀਂ ਮੰਨਦੇ 'ਜੀਵਨ ਦਾ ਪ੍ਰਗਟਾਵਾ' ਮੰਨਦੇ ਹਨ। ਕਵੀ ਆਪ ਸਮਾਜ ਦਾ ਜੀ ਹੈ, ਆਪਣੀ ਕਿਰਤ ਸਮਾਜ ਨੂੰ ਪੇਸ਼ ਕਰਦਾ ਹੈ ਅਤੇ ਇਸ ਪਾਸੋਂ ਮਸ਼ਹੂਰਤਾ ਵੀ ਪ੍ਰਾਪਤ ਕਰਦਾ ਹੈ।

**ਕਵਿਤਾ ਵਿਚ ਵਰਤੀਂਦੇ ਪ੍ਰਤੀਕ :-** ਕਵਿਤਾ ਵਿਚ ਵਰਤੀਂਦੇ ਪ੍ਰਤੀਕ ਵੀ ਸਮਾਜ ਦੀ ਉਪਜ ਹਨ। ਜਿਵੇਂ ਕਿ ਛੰਦ ਅਲੰਕਾਰ, ਮੁਹਾਵਰਾ ਆਦਿ ਕਾਵਿ-ਜੁਗਤਾਂ ਦਾ ਜਨਮ ਹੀ ਸਮਾਜ ਵਿਚ ਹੀ ਸੰਭਵ ਹੈ। ਕਵੀ ਆਪ ਸਮਾਜ ਦਾ ਜੀ ਹੈ, ਆਪਣੀ ਕਿਰਤ ਸਮਾਜ ਨੂੰ ਪੇਸ਼ ਕਰਦਾ ਹੈ ਅਤੇ ਇਸ ਪਾਸੋਂ ਮਸ਼ਹੂਰਤਾ ਵੀ ਪ੍ਰਾਪਤ ਕਰਦਾ ਹੈ।

**ਮੁੱਖ ਪ੍ਰੇਰਨਾ ਸਰੋਤ ਜਨਸਮੂਹ :-** ਜਦੋਂ ਸਮਾਜ ਉੱਪਰ ਭੀੜਾ ਬਣਦੀ ਹੈ ਕਵੀ ਪਾਸੋਂ ਵੈਰੀ-ਵਿਰੋਧੀ ਕਵਿਤਾ ਦੀ ਆਸ ਰੱਖੀ ਜਾਂਦੀ ਹੈ। ਇਸ ਸਮੇਂ ਕਵਿਤਾ ਦਾ ਸਮੂਹਕਵਾਦੀ ਚਰਿੱਤਰ ਉਜਾਗਰ ਹੁੰਦਾ ਹੈ, ਉਸ ਦੀ ਰਚਨਾ ਦਾ ਮੁੱਖ ਪ੍ਰੇਰਨ-ਸਰੋਤ ਜਨਸਮੂਹ ਦਾ ਭਾਵ ਹੁੰਦਾ ਹੈ, ਵਿਅਕਤੀ ਭਾਵ ਜਾਂ ਵਿਅਕਤੀ ਚੇਤਨਾ ਨਹੀਂ। ਇਸ ਦੇ ਕੁਝ ਅੰਸ਼ ਸੱਭਿਅ ਸਮਾਜ ਦੇ ਬੱਚਿਆਂ ਦੀਆਂ ਖੇਡਾਂ, ਵਿਆਹ-ਸਮੇਂ ਆਦਿ ਨਾਲ ਸੰਬੰਧਿਤ ਗੀਤਾਂ-ਅਲਾਹੁਣੀਆਂ, ਤੇ ਧਾਰਮਿਕ ਆਰਤੀਆਂ ਵਿਚ ਦੇਖੇ ਜਾ ਸਕਦੇ ਹਨ।

**ਸਾਹਿਤ-ਸਮੀਖਿਆ :-** ਸਾਹਿਤ-ਸਮੀਖਿਆ ਭਾਵੇਂ ਸਮਾਜਕ ਸਮੀਖਿਆ ਉੱਪਰ ਆਧਾਰਿ ਨਾ ਵੀ ਹੋਵੇ, ਤਾਂ ਵੀ ਇਹ ਆਪ ਇਕ ਪ੍ਰਕਾਰ ਦੀ ਸਮਾਜਕ ਸਮੀਖਿਆ ਹੀ ਹੈ।

**ਸਮਾਜ ਅਤੇ ਸਾਹਿਤ :-** ਸਮਾਜ ਅਤੇ ਸਾਹਿਤ ਦਾ ਵਿਆਪਕ ਸੰਬੰਧ ਇਕ ਧਾਰਨਾਮਈ ਹਕੀਕਤ ਹੈ। ਪਰ, ਕਈ ਵਾਰੀ ਇਸ ਨੂੰ

ਸੀਮਿਤ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਇਕ ਤਾਂ ਸਾਹਿਤ ਸਮਾਜ ਵਿਚੋਂ ਉਪਜ ਕੇ ਹੀ ਇਸ ਤੋਂ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ। ਸਾਡੀ ਸਮੀਖਿਆ ਦਾ ਧਿਆਨ ਇਸ ਪਾਸੇ ਘੱਟ ਹੀ ਗਿਆ ਹੈ। ਸਾਹਿਤ ਅਤੇ ਸਮਾਜ ਦੇ ਰਿਸ਼ਤੇ ਨੂੰ ਜੋੜਦੇ ਕਿਸੇ ਹੁੰਦੇ ਸੰਜੋਗ ਸਾਡੀ ਬਣਤਰ ਦੀ ਥੋੜ੍ਹ ਪ੍ਰਧਾਨ ਹੋ ਜਾਂਦੀ ਹੈ, ਤਾਂ ਸਾਹਿਤ ਦਾ ਨਿਜੀ ਚਰਿਤ੍ਰ ਅੱਖੋਂ-ਪਰੋਖੇ ਹੋ ਜਾਂਦਾ ਹੈ। ਸੁੰਦਰਤਾਵਾਦੀ, ਨਿਰਣੈਵਾਦੀ, ਆਦੇਸ਼ ਮੂਲਕ ਸਮੀਖਿਆ ਇਸੇ ਪ੍ਰਕਾਰ ਦੀ ਸੋਚਣੀ ਵਿਚੋਂ ਜਨਮ ਲੈਂਦੀ ਹੈ। ਅਜੇਹੀ ਸਮੀਖਿਆ ਸਾਹਿਤ ਅਤੇ ਸਮਾਜ ਦੇ ਸੰਬੰਧਾਂ ਦਾ ਵਾਸਤਵਿਕ ਸੱਚ ਨਿਤਾਰਨ ਦੀ ਬਜਾਏ ਸਮਤ ਲੋੜ ਉਪਰ ਆਧਾਰਿਤ ਆਦਰਸ਼ ਪੇਸ਼ ਕਰਦੀ ਹੈ। ਸਮੀਖਿਆਕਾਰ ਸਾਹਿਤ ਦਾ ਵਿਦਿਆਰਥੀ ਨਾ ਹੋ ਕੇ ਪੈਗੰਬਰ ਜਾਂ ਚੰਗੇਰੀ ਸਮਾਜ ਦਾ ਮੁੱਦਈ ਬਣ ਜਾਂਦਾ ਹੈ।

**ਸਾਹਿਤ ਨੂੰ ਜੀਵਨ ਦਾ ਪ੍ਰਤੀਬਿੰਬ :-** ਸਾਹਿਤ ਨੂੰ ਜੀਵਨ ਦਾ 'ਪ੍ਰਤੀਬਿੰਬ' ਸਮਝਣਾ ਸਾਹਿਤ ਦੇ ਜੀਵੰਤ ਚਰਿੱਤਰ ਤੋਂ ਇਨਕਾਰ ਕਰਨਾ ਹੈ। ਸਿਰਜਣਾ ਦੇ ਕਾਰਜ ਨੂੰ ਨਿਰਜਿੰਦ ਦਰਪਣ ਦੇ ਕਾਰਜ ਨਾਲ ਮੇਲਿਆ ਨਹੀਂ ਸਕਦਾ। ਸਾਹਿਤ ਨੂੰ ਸਮਾਜ ਦਾ ਫ਼ੋਟੋਗ੍ਰਾਫ਼ ਮੰਨ ਲੈਣਾ ਵੀ ਸੰਭਵ ਨਹੀਂ, ਇਸ ਪ੍ਰਕਾਰ ਦਾ ਵਿਚਾਰ ਪੇਸ਼ ਕਰਨ ਵਾਲੀ ਆਦਰਸ਼ਵਾਦੀ ਦ੍ਰਿਸ਼ਟੀ ਦਾ ਸੁਭਾਉ ਸਰਬਸਾਂਝੀ ਹੈ। ਏਸ ਦ੍ਰਿਸ਼ਟੀ ਧਾਰਨੀ ਜਿੱਥੇ ਸਾਰੇ ਸਮਾਜ ਵਰਗਾਂ ਦਾ ਅਰਥ ਸਮਝਣ ਲਈ ਹੀ ਸਾਰੇ ਸਮਾਜ-ਦ੍ਰਿਸ਼ ਨੂੰ ਨਜ਼ਰ ਵਿਚ ਰਖਣਾ ਪੈਂਦਾ ਹੈ। ਲੇਖਕ ਹੀ ਸਮਾਜ-ਦ੍ਰਿਸ਼ ਦੀ ਸਿਰਜਣਾ ਕਰਦਾ ਹੈ ਅਤੇ ਉਸਦੀ ਆਪਣੀ ਸਮਾਜ-ਦ੍ਰਿਸ਼ਟੀ ਹੁੰਦੀ, ਪਰ ਉਹ ਕਿਸੇ ਦਾਰਸ਼ਨਿਕ ਵਾਂਗ ਗਰਦਸ਼ਾਂ ਨਹੀਂ ਹੁੰਦਾ।

**ਨਾਨਕ ਸਿੰਘ :-** ਨਾਨਕ ਸਿੰਘ ਬਹੁਤ ਵਾਰੀ ਸੰਪੂਰਣ ਸਮਾਜ ਦੇ ਸੰਦਰਭ ਵਿਚ ਨਹੀਂ ਸਗੋਂ ਆਪਣੇ ਆਪ ਵਿਚ ਸੁਤੰਤਰ ਰੂਪ ਵਿਚ ਪੇਸ਼ ਕਰਦਾ ਹੈ। ਸਿਧਾਂਤ ਵਜੋਂ ਸਰਬ-ਸਾਂਝੀ ਸੁਭਾਉ ਸਿਰਜਣਾ ਦਾ ਨਹੀਂ ਹੋ ਸਕਦਾ। ਮਾਰਕਸਵਾਦੀ ਸੁੱਹਜਵਾਦੀ ਸਮੀਖਿਆ ਲੇਖਕ ਪਾਸੋਂ ਆਸ ਰੱਖਦੀ ਹੈ। ਕਿ ਉਹ ਆਪਣੇ ਯੁਗ ਅਤੇ ਸਮਾਜ ਦਾ ਸੰਪੂਰਨਤਾ ਅਤੇ ਸਮਾਜ-ਪ੍ਰਬੰਧ ਦੀ ਸੰਪੂਰਣਤਾ ਦੋ ਵੱਖਰੀਆਂ ਸਥਿਤੀਆਂ ਹਨ, ਇਕ ਨੂੰ ਦੂਜੇ ਦੀ ਕਸਵੱਟੀ ਨਾਲ ਪਰਖਿਆ ਨਹੀਂ ਜਾ ਸਕਦਾ।

**ਸਾਹਿਤਕਤਾਂ ਤੇ ਇਤਿਹਾਸਕਤਾਂ :-** ਸਾਹਿਤ ਦੀ ਸਾਹਿਤਕਤਾ ਤੇ ਇਤਿਹਾਸਕਤਾ

ਇਕ ਦੂਜੇ ਨਾਲ ਸੰਬੰਧਿਤ ਹੋ ਕੇ ਵੀ ਇਕ ਦੂਜੇ ਤੋਂ ਨਿੱਖੜਵੇਂ ਸਰੋਕਾਰ ਹਨ। ਸਾਹਿਤਕਤਾ ਇੱਕ ਤਰ੍ਹਾਂ ਦਾ ਸੱਚ ਪੇਸ਼ ਕਰਦਾ ਹੈ ਤੇ ਯਥਾਰਥੀ ਤੌਰ ਤੇ ਇਹ ਸੱਚ ਵੀ ਇਤਿਹਾਸਕ ਅਤੇ ਸਮਾਜਕ ਸੱਚ ਹੀ ਹੁੰਦਾ ਹੈ, ਪਰ ਇਹ ਸਿਰਜਿਤ ਸੱਚ ਹੈ। ਸਥਾਪਿਤ ਸੱਚ ਦਾ ਪ੍ਰਤੀਨਿਧ ਨਹੀਂ। ਸਾਹਿਤਕਾਰ ਦੀ ਸਿਰਜਣਾਤਮਕ ਦ੍ਰਿਸ਼ਟੀ ਯਥਾਰਥੀ ਤੌਰ ਤੇ ਕਿਸੇ ਵੀ ਸਮਾਜ-ਵਿਗਿਆਨੀ ਦੀ ਦੇਣੀ ਨਹੀਂ, ਪਰ ਉਸ ਵਿਸ਼ਿਆਂ ਦੇ ਪਿਛਲੱਗ ਵੀ ਨਹੀਂ।

## ਸਮਾਜਕਤਾ ਵਿਸ਼ਵਵਿਆਪੀ ਵਿਸ਼ਾ:-

ਸਾਹਿਤ ਦੀ ਸਮਾਜਕਤਾ ਵਿਚਾਰਯੋਗ ਵਿਸ਼ਾ ਹੈ ਇਸ ਸਮੱਸਿਆਵਾਂ ਨੂੰ ਤਿੰਨ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ। ਸਾਹਿਤਕਾਰ ਦੀ ਵਰਗ-ਸੰਬੰਧੀ ਰਚਨਾ ਦਾ ਸਮਾਜਕ-ਵਸਤੂ ਅਤੇ ਰਚਨਾ ਦਾ ਸਮਾਜਕ ਪ੍ਰਭਾਵ। ਅਸੀਂ ਸਮੱਸਿਆਵਾਂ ਪਹਿਲੀ ਵਾਲੀ ਲੋੜਾਂ ਤੇ ਸਾਰੇ ਉਪਰ ਪੈਣ ਵਾਲੇ ਪ੍ਰਭਾਵ ਨੂੰ ਸਾਪੇਖਤਾਤਮਕ ਕਸੌਟੀ ਵਜੋਂ ਸਾਹਿਤ ਰਚਨ ਤੋਂ ਸੰਕੇਤ ਕੀਤਾ ਹੈ। ਪਰ ਤੱਕਣੀ ਪੱਧਰ ਇਸ ਪ੍ਰਸੰਗ ਤੋਂ ਬਿਨਾ ਅਧੂਰੀ ਰਹੇਗੀ।

ਕਿਰਤੀ ਵਰਗ ਵਿਚੋਂ ਕੁਝ ਐਸ ਕਵੀ ਅਹਿਮ ਉਭਰੇ ਹਨ, ਪਰ ਉਨ੍ਹਾਂ ਦਾ ਪ੍ਰਭਾਵ ਸੀਮਿਤ ਖੇਤਰ ਵਿਚ ਸੀਮਿਤ ਸਮੇਂ ਪਛੀ ਹੀ ਰਿਹਾ। ਉਨ੍ਹਾਂ ਦੀਆਂ ਰਚਨਾਵਾਂ ਤੋਂ ਕੋਈ ਸਰਬਸੰਮਤ ਅਰਥ-ਵਿਧੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਕਿੰਨਿਆਂ ਦਾ ਹੀ ਅੰਤ ਘਟ ਗਏ ਹਨ। ਮੁੜ ਮੁੜ ਕੁਝ ਵਰਗ ਅਜਿਹੇ ਵੀ ਸਨ ਜਿਨ੍ਹਾਂ ਦਾ ਕਿੱਤਾ ਹੀ ਕਾਵਿ-ਰਚਨਾ ਸੀ। ਸਰਾਸੀ, ਤਾਰ ਭੱਟ ਇਸੇ ਵਰਗ ਦੇ ਹੀ ਕਵੀ ਸਨ। ਜੋ ਉਨ੍ਹਾਂ ਨੂੰ ਕਵੀ ਸੰਤ ਵੀ ਲਿਆ ਜਾਵੇ ਵੀ ਉਨ੍ਹਾਂ ਦੀ ਰਚਨਾ ਸਾਰਾ ਵਰਗ ਦੀ ਪ੍ਰਤੀਨਿਧਤਾਂ ਕਰਦੀ ਹੈ, ਆਪਣੇ ਸਮਾਂ ਵਰਗ ਦੀ ਖ਼ਤੇ ਨਹੀਂ ਛਾਪੇਖਾਨੇ ਦੀ ਤਰਜ਼ ਨੇ ਸਾਮੰਤਵਾਦ ਤੇ ਕਵੀ ਦੇ ਧਰਮ ਵਿਸ਼ਤੇ ਨੂੰ ਧਾਰਨ ਕਰ ਰੱਖ ਦਿੱਤਾ ਹੈ।

## ਸਾਹਿਤਕ ਵਿਸ਼ਿਆਂ ਵਿਚ ਵੰਨ-ਸੁਵੰਨਤਾਂ:-

ਪਾਠਕ ਵਰਗ ਵੀਹਵੀਂ ਸਦੀ ਦੀ ਮਹੱਤਵੀ ਉਪਜ ਹੈ। ਨਾਵਲਕਾਰੀ, ਗਲਪਕਾਰੀ, ਸੂਫ਼ੀ-ਕਾਵਿ, ਕਿੱਸਾ-ਕਾਵਿ ਦੇ ਵੇਲੇ ਸਿਖਸ਼ਤ ਪਾਠਕ ਵਰਗ ਦੀ ਹੋਂਦ ਨਹੀਂ। ਨਾਂ ਸਰੋਤਾ ਵਰਗ ਨਾ ਸਾਹਿਤ ਵਰਗ ਵੰਨ-ਸੁਵੰਨਤਾ ਸੀ। ਛਾਪੇਖਾਨੇ ਨੇ ਇਥੇ ਤਾਂ ਸਾਹਿਤ ਨੂੰ ਵਧੇਰੇ ਵੰਨ-ਸੁਵੰਨ ਅਤੇ ਸੁਲੱਭ ਕਰ ਦਿੱਤਾ ਹੈ ਜੋ ਪਾਠਕ ਵਰਗ ਨੂੰ ਵੀ ਵੰਨ-ਸੁਵੰਨਤਾਂ ਕਰ ਦਿੱਤਾ। ਇਹ ਵਰਗ 'ਸਮੂਹ' ਨਹੀਂ, ਇਸਦਾ ਹਰ ਵਿਅਕਤੀ ਆਪਣੇ ਆਪ ਵਿਚ ਆਜ਼ਾਦ ਹੈ। ਵਰਗ ਤੋਂ ਵੱਖਰੀ ਪਛਾਣ ਵੀ ਹੈ। ਭਾਵੇਂ ਹੈ ਆਪ ਹੀ ਇਕ ਸਮਾਜ ਦਾ ਵਰਗ। ਅਜੋਕੇ ਸਮੇਂ ਦਾ ਪਾਠਕ-ਵਰਗ ਪੁਰਾਣੇ ਸਮ

ਦੇ ਰਾਹਿ- ਰਚੇਤਾ ਵਰਗ ਤੋਂ ਬਿਲਕੁਲ ਵੱਖਰੀ ਤਰ੍ਹਾਂ ਦਾ ਹੈ। ਭਾਵੇਂ ਇਹ ਸਮਾਜ ਦਾ ਵਰਗ ਹੈ।

ਸਾਹਿਤ ਰਚਨਾ ਦਾ ਆਰਥਿਕ ਆਧਾਰ ਪਾਠਕ ਵਰਗ ਨਾਲ ਜੁੜਿਆ ਹੋਇਆ ਹੈ। ਲੋਕ-ਕਾਵਿ ਤਾਂ ਪੂਰੀ ਤਰ੍ਹਾਂ ਸਰੋਤੇ ਦੀ ਖੁਸ਼ੀ ਤੇ ਨਿਰਭਰ ਹੈ। ਪਾਠਕ ਦੀ ਲੋਕ-ਪ੍ਰਵਾਨਗੀ ਤੋਂ ਬਿਨਾਂ ਫਲ ਫੁੱਲ ਨਹੀਂ ਸਕਦਾ। ਮਧਕਾਲੀਨ ਵਾਰ-ਕਾਵਿ, ਗੁਰਬਾਣੀ, ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਸਰੋਤਾਮੁੱਖ ਰਚਨਾਵਾਂ ਹਨ। ਪੰਜਾਬੀ ਨੂੰ ਆਧੁਨਿਕ ਚੇਤੰਨ ਵਾਲਾ ਪਾਠਕ-ਵਰਗ ਅਜੇ ਤਕ ਨਹੀਂ ਮਿਲਿਆ। ਆਧੁਨਿਕ ਯੁਗ ਵਿਚ ਲੇਖਕ ਅਤੇ ਪਾਠਕ ਦੇ ਵਿਚਕਾਰ ਏਨੇ ਵਿਛੋੜੇ ਆ ਚੁੱਕੇ ਹਨ ਕਿ ਇਨ੍ਹਾਂ ਵਿਚਕਾਰ ਪਹਿਲੇ ਜੇਹਾ ਸਹਿਜ ਅਤੇ ਸਮ-ਸਹਿਜ ਸੁਰਜ ਰਿਸ਼ਤਾ ਬਣਾਇਆ ਨਹੀਂ ਜਾ ਸਕਦਾ। ਦੋਹਾਂ ਦੇ ਵਿਚਕਾਰ ਪਾਠਕ, ਵਿਕਰੇਤਾ, ਸਾਹਿਤਕ ਗੁੱਟ, ਸੰਪਾਦਕ ਆਲੋਚਕ ਬਹੁਤ ਸਾਰੇ ਦੂਜੇ ਵਿਅਕਤੀ ਆ ਚੁੱਕੇ ਹਨ। ਸਰਕਾਰਾਂ ਅਨੇਕ ਪ੍ਰਕਾਰ ਦੀ ਸਰਪ੍ਰਸਤੀ ਰਾਹੀਂ ਕੁਝ ਸਾਹਿਤਕ ਕਿਰਤਾਂ ਨੂੰ ਲੋਕਪ੍ਰਵਾਨ ਹੋਣ ਵਿਚ ਸਹਾਇਤਾ ਵੀ ਦਿੰਦੀਆਂ ਹਨ। ਸਾਹਿਤ ਅਤੇ ਸਮਾਜ ਵਿਚ ਇਸ ਪ੍ਰਕਾਰ ਦਾ ਸੰਬੰਧ ਸਾਹਿਤ ਨੂੰ ਸੁਖ ਸਮੂਹ ਭਾਵੀ ਬਣਾਉਣ ਦਾ ਯਤਨ ਹੈ। ਇਸ ਤਰ੍ਹਾਂ ਦੇ ਯਤਨ ਸਾਹਿਤ ਦੇ ਸੁਭਾਉ ਨੂੰ ਬਦਲਣ ਵਿਚ ਸਹਾਇਕ ਬਣਦੇ ਹਨ। ਸਮਾਜ ਦਾ ਰਾਜਨੀਤਿਕ ਵਿਕਾਸ ਤੇ ਸੁਹਜ- ਵਿਕਾਸ ਸੁਭਾਵਿਕ ਤੌਰ ਤੇ ਇਕ ਦੂਜੇ ਦੇ ਸਮਾਨਾਂਤਰ ਨਹੀਂ ਚਲਦੇ। ਕਈ ਵਾਰ ਸੁਹਜ- ਸਿਰਜਣਾ ਆਪਣੇ ਸਮੇਂ ਦੇ ਸਮਾਜ- ਬੋਧ ਤੋਂ ਅਗਾਂਹ ਤੁਰਦੀ ਹੈ ਤੇ ਕਈ ਵਾਰ ਪਿਛਾਂਹ। ਵਿਚਾਰ ਦੀ ਪੂਰਨਤਾ ਵਿਹਾਰ ਨੂੰ ਪ੍ਰਾਪਤ ਨਹੀਂ ਹੋ ਸਕਦੀ। ਵਰਗਾਂ ਵਿਚ ਵੰਡੇ ਸਮਾਜ ਤੋਂ ਪਹਿਲਾਂ ਮਨੁੱਖ ਜਾਤੀ ਆਪਣੇ ਲੰਮੇ ਇਤਿਹਾਸ ਵਿਚ ਵਰਗਹੀਨ ਅਵਸਥਾ ਵਿਚ ਰਹੀ। ਅਜੋਕੇ ਸਮਾਜ ਵਿਚ ਤਬਦੀਲੀਆਂ ਤੇਜ਼ੀ ਨਾਲ ਵਾਪਰ ਰਹੀਆਂ ਹਨ, ਸੁਹਜ ਰੁਚੀ ਵੀ ਏਨੀ ਤੇਜ਼ੀ ਨਾਲ ਬਦਲਦੀ ਹੈ ਕਿ ਇਸਨੂੰ ਵਰਗ- ਵਿਸ਼ੇਸ਼ ਦਾ ਨਿਵੇਕਲਾ ਖ਼ਾਸਾ ਬਣਨ ਦਾ ਮੌਕਾ ਘੱਟ ਵਧ ਹੀ ਮਿਲਦਾ ਹੈ। ਨਾਲੇ, ਲੇਖਕ ਵੀ ਨਿਸ਼ਕ੍ਰਿਅ ਕਿਰਤੀ ਨਹੀਂ ਕਿ ਸਮਾਜ ਵਿਚ ਵਾਪਰ ਰਹੀ ਹਰ ਤਬਦੀਲੀ ਉਸ ਦੀ ਲਿਖਤ ਵਿਚ ਪ੍ਰਤੀਬਿੰਬਿਤ ਹੋ ਜਾਵੇ। ਸਾਹਿਤ- ਸਿਰਜਣਾ ਸਮਾਜ ਤੋਂ ਪ੍ਰੇਰਿਤ ਨਹੀਂ, ਇਸ ਨੂੰ ਪ੍ਰਭਾਵਿਤ ਵੀ ਕਰਦੀ ਹੈ।

**ਸਮਾਜ ਦਾ ਜੀਵਨ-ਪ੍ਰਵਾਹ :-** ਕਿਸੇ ਸਮਾਜ ਦਾ ਜੀਵਨ ਪ੍ਰਵਾਹ ਸਾਹਿਤ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕਰਦਾ ਹੈ?

ਇਸ ਉਪਰ ਵਿਗਿਆਨਕ ਵਿਧੀ ਅਨੁਸਾਰ ਸੋਧ ਅਤੇ ਚਿੰਤਨ ਅਜੇ ਨਹੀਂ ਹੋਇਆ ਸਮਾਜ-ਵਿਦਵਾਨਾਂ, ਆਲੋਚਕਾਂ ਜਾਂ ਰਾਜਨੀਤਕ ਸਿਧਾਂਤਾਂ ਤਕ ਹੀ ਸੀਮਿਤ ਨਹੀਂ। ਜੇ ਸਾਹਿਤ ਅਤੇ ਸਮਾਜ ਦੋਹਾਂ ਦਾ ਵਿਆਪਕ ਚਿੰਤਨ ਸਾਹਮਣੇ ਰਖੀਏ ਤਾਂ ਪਤਾ ਲਗਦਾ ਹੈ ਕਿ ਸਮਾਜ ਦਾ ਬਹੁਤ ਵੱਡਾ ਅੰਸ਼ ਅਜੋਕਾ ਸਾਹਿਤ ਪੜ੍ਹਦਾ ਹੈ ਜੋ ਵਿਦਵਾਨਾਂ, ਆਲੋਚਕਾਂ ਤੇ ਸਿਧਾਂਤਾਂ ਦੇ ਧਿਆਨ ਦਾ ਕੇਂਦਰ ਕਦੇ ਨਹੀਂ ਬਣਦਾ। ਸਾਡੇ ਵਿਦਵਾਨਾਂ ਨੇ ਹੀ ਸੀਮਿਤ ਸਾਹਿਤ, ਸੀਮਿਤ ਸਮਾਜ ਤੇ ਸੀਮਿਤ ਦ੍ਰਿਸ਼ਟੀ ਨੂੰ ਪੂਰਨ ਸਾਹਿਤ ਪੂਰਣ ਸਮਾਜ ਤੇ ਪੂਰਣ ਦ੍ਰਿਸ਼ਟੀ ਸਮਝ ਲਿਆ ਹੈ।

**ਪੁਰਾਤਨ ਸਾਹਿਤ ਤੇ ਸਮਾਜ ਵਿਚ ਅਧਿਐਨ :-** ਸਾਹਿਤ ਹੀ ਇਕ ਯੁੱਗ ਦਾ ਸੰਸਾਰ ਹੈ ਤੇ ਇਸ ਵਿਚ ਹੀ ਇਕ ਸਮਾਜ-ਸ਼ਕਤੀ ਤੇ ਸਮਾਜ-ਭਾਵਨਾ ਦਾ ਚਿੰਤਨ ਮਿਲ ਸਕਦਾ ਹੈ। ਸਾਹਿਤ ਦੇ ਇਤਿਹਾਸਕਾਰ ਸਾਹਿਤ ਕਿਰਤਾਂ ਨੂੰ ਇਤਿਹਾਸਕ ਦਸਤਾਵੇਜ਼ ਸਮਝ ਕੇ ਤੁਰਦੇ ਹਨ। ਜੇ ਪੁਰਾਣੇ ਸਾਹਿਤ ਦਾ ਗਹੁ ਨਾਲ ਅਧਿਐਨ ਕੀਤਾ ਜਾਏ ਤਾਂ ਇਸ ਵਿਚ ਤਤਕਾਲੀਨ ਸਮਾਜ ਦੀ ਗਿਰਦੀ-ਚੜ੍ਹਦੀ, ਪਤਨ-ਪ੍ਰਸਾਰ, ਵਿਚਾਰ-ਵਿਸ਼ਵਾਸ, ਰੀਤੀ-ਰਿਵਾਜ ਬਾਰੇ ਕਾਫ਼ੀ ਜਾਣਕਾਰੀ ਮਿਲ ਸਕਦੀ ਹੈ। ਪੁਰਾਤਨ ਭਾਰਤ ਦੇ ਇਤਿਹਾਸ-ਲੇਖਕਾਂ ਨੇ ਪੁਰਾਤਨ ਸਾਹਿਤ ਦੀ ਸਹਾਇਤਾ ਨਾਲ ਹੀ ਤਤਕਾਲੀਨ ਸਮਾਜ ਦਾ ਚਿੱਤਰ ਉਸਾਰਿਆ ਹੈ। ਵਾਰ-ਸਾਹਿਤ, ਗੁਰਬਾਣੀ, ਸੂਫ਼ੀ-ਕਲਾਮ, ਕਿੱਸਾ, ਸਾਹਿਤ ਦਾ ਅਧਿਐਨ ਇਤਿਹਾਸਕ ਦਸਤਾਵੇਜ਼ਾਂ ਵਾਂਗ ਕੀਤਾ ਜਾ ਸਕਦਾ ਹੈ। ਪਰ ਸਾਹਿਤਕਾਰੀ ਅਖ਼ਬਾਰ ਨਵੀਸੀ ਨਹੀਂ।

**ਉਦੇਸ਼ ਤੇ ਦ੍ਰਿਸ਼ਟੀ :-** ਸਾਹਿਤਕਾਰ ਦੀ ਨਿਵੇਕਲੀ ਸਿਰਜਨ-ਵਿਧੀ ਉਦੇਸ਼ ਤੇ ਦ੍ਰਿਸ਼ਟੀ ਹੀ ਹੁੰਦੀ ਹੈ। ਸਮਾਜ-ਯਥਾਰਥ ਤੇ ਸਾਹਿਤ-ਚਿੱਤਰ ਦਾ ਰਿਸ਼ਤਾ ਹੀ ਸੰਬੰਧੀ ਹੈ। ਸਾਹਿਤ ਦੀ ਸਮਾਜ-ਸ਼ਾਸਤਰੀ ਵਿਆਖਿਆ ਕਰਨ ਤੋਂ ਬਾਅਦ ਸੋਚੀਆਂ ਦਾ ਮਤ ਕੁਝ ਇਸ ਪ੍ਰਕਾਰ ਹੈ ਕਿ ਸਾਹਿਤ ਕਿਰਤਾਂ ਵਿਚ ਸਮਾਜ ਸੰਰਚਨਾ ਦੀ ਪ੍ਰਮਾਣਿਕ ਪਕੜ ਹੀ ਉਸੇ ਸੋਚ ਨੂੰ ਹੁੰਦੀ ਹੈ। ਸਾਹਿਤ ਵਿਚ ਬਹੁਤ ਕੁਝ ਨਿਰੋਲ ਕਲਪਨਾ ਹੁੰਦਾ ਹੈ, ਸਾਹਿਤ-ਜਗਤਾਂ ਵਿਚ ਵਿਸ਼ਾ, ਰੂਪ, ਵਿਚਪ੍ਰਕਾਸ਼, ਸ਼ਬਦ-ਵਿਨੋਦ ਖ਼ਾਸ ਹੁੰਦੇ ਤੇ ਵਰਨਣਯੋਗ ਹਨ।

ਕੁਝ ਦਹਾਕਿਆਂ ਤੋਂ ਸਾਹਿਤ ਸਮਾਜ ਸੰਬੰਧ ਦੀਆਂ ਅਤੀ ਸਰਲ ਵਿਆਖਿਆਵਾਂ ਪੇਸ਼ ਕੀਤੀਆਂ ਹਨ। ਤੇਨ ਨੇ ਭੂਗੋਲਕ, ਜੀਵ-ਵਿਗਿਆਨਕ ਤੇ ਸਮਾਜਕ ਤੱਥਾਂ ਦੇ ਮਿਸ਼ਰਣ ਰਾਹੀਂ ਸਾਹਿਤ ਦਾ ਨਿਸਚੇਵਾਦੀ ਸਿਧਾਂਤ ਘੜਨ ਦਾ ਯਤਨ ਕੀਤਾ। ਹੇਗਲ ਦੇ ਅਨੁਸਾਰ 'ਅਧਿਆਤਮ' ਨੂੰ ਸਮੁੱਚੇ ਇਤਿਹਾਸਕ ਜੀਵਨ ਦਾ ਪਰਮ ਸਿਧਾਂਤ ਮੰਨਿਆਂ ਤੇ ਮਾਰਕਸ ਪਰਖ ਲਈ ਵੀ ਉਸੇ ਸਿਧਾਂਤ ਨੂੰ ਕਸਵੱਟੀ ਵਜੋਂ ਸਵੀਕਾਰ ਕੀਤਾ। ਆਪ ਮਾਰਕਸ ਨੇ ਅਰਥਚਾਰੇ ਉਪਰ ਆਧਾਰਿਤ ਸਾਹਿਤ-ਵਿਆਖਿਆ ਦੀ ਸੀਮਾ ਸਵੀਕਾਰ ਕੀਤੀ। ਉਸਦਾ ਕਥਨ ਹੈ ਕਿ 'ਕਲਾ ਦੇ ਉੱਚ ਨਾਲ ਸਿੱਧਾ ਸੰਬੰਧ ਨਹੀਂ। ਉਸਦਾ ਪਦਾਰਥਕ ਆਧਾਰ ਅਤੇ ਸਮਾਜ-ਪ੍ਰਬੰਧ ਦੇ ਢਾਂਚੇ ਨਾਲ ਵੀ ਵਿਸ਼ੇਸ਼ ਸੰਬੰਧ ਨਹੀਂ। ਰਾਜਨੀਤਿਕ ਦਾਰਸ਼ਨਿਕ, ਧਾਰਮਿਕ, ਸਾਹਿਤਿਕ, ਕਲਾਤਮਕ ਵਿਕਾਸ, ਆਰਥਿਕ ਵਿਕਾਸ ਉਪਰ ਆਧਾਰਿਤ ਹੁੰਦੀ ਹੈ।' ਸਮਾਜਵਾਦੀ ਸਮਾਜ ਵਿਚ ਕੋਈ ਵੀ ਇੱਤਰਕਾਰ ਨਹੀਂ ਰਹੇਗਾ। ਦੂਜੇ ਸ਼ਬਦਾਂ ਵਿਚ ਸਮਾਜ ਸੰਗਠਨ ਅਤੇ ਕਲਾ-ਸੰਗਠਨ ਲਾਜ਼ਮੀ ਤੌਰ ਤੇ ਇਕ ਦੂਜੇ ਉਪਰ ਆਧਾਰਿਤ ਨਹੀਂ।

**ਸਾਹਿਤ ਅਤੇ ਸਮਾਜ ਦਾ ਆਪਸ ਵਿਚ ਸੰਬੰਧ:-** ਸਾਹਿਤ ਅਤੇ ਸਮਾਜ ਦਾ ਆਪਸ ਵਿੱਚ ਅਟੁੱਟ ਸੰਬੰਧ ਹੈ। ਵਾਸਤਵ ਵਿੱਚ ਸਾਹਿਤ ਮਨੁੱਖੀ ਸਮਾਜ ਵਿਚੋਂ ਹੀ ਪੈਦਾ ਹੁੰਦਾ ਹੈ। ਸਾਹਿਤਕਾਰ ਕੇਵਲ ਇਕ ਸਮਾਜਿਕ ਪ੍ਰਾਣੀ ਹੀ ਨਹੀਂ ਹੁੰਦਾ, ਸਗੋਂ ਇਕ ਸੱਚੇ ਸਾਹਿਤਕਾਰ ਵਿਚ ਸਮਾਜਿਕ ਚੇਤਨਾ ਵੀ ਹੁੰਦੀ ਹੈ। ਉਸਦੇ ਦਿਲ ਵਿੱਚ ਆਪਣੇ ਸਮਾਜ ਪ੍ਰਤੀ ਪਿਆਰ ਹੁੰਦਾ ਹੈ। ਇਸ ਲਈ ਉਹ ਆਪਣੀਆਂ ਰਚਨਾਵਾਂ ਵਿਚ ਸਾਰੇ ਹੀ ਸਮਕਾਲ ਸਮਾਜ ਦਾ ਚਿਤਰਨ ਕਰਦਾ ਹੈ। ਇਸ ਲਈ ਸਾਹਿਤ ਨੂੰ ਸਮਾਜ ਦਾ 'ਦਰਪਣ' ਮੰਨਿਆ ਜਾਂਦਾ ਹੈ।

ਮਨੁੱਖ ਸਮਾਜਿਕ ਪ੍ਰਾਣੀ ਹੈ। ਤੇ ਉਹ ਸਮਾਜ ਤੋਂ ਬਿਨ੍ਹਾਂ ਨਹੀਂ ਰਹਿ ਸਕਦਾ। ਉਸਦਾ ਸਰਬਪੱਖੀ ਵਿਕਾਸ ਸਮਾਜ ਵਿਚ ਰਹਿ ਕੇ ਹੀ ਹੋ ਸਕਦਾ ਹੈ। ਸਮਾਜ ਵਿਚ ਵਿਚਰਦਿਆਂ ਉਸ ਨਾਲ ਜੀਵਨ ਦੀਆਂ ਕਈ ਘਟਨਾਵਾਂ ਵਾਪਰਦੀਆਂ ਹਨ, ਜਿਸਨੂੰ ਉਹ ਮਹਿਸੂਸ ਕਰਦਾ ਹੈ। ਇਹ ਸਭ ਕੁਝ ਉਸਦੀ ਸਮਾਜਿਕ ਜੀਵਨ ਦਾ ਸਿੱਟਾ ਹੈ। ਸਾਹਿਤ ਵਿਚ ਮਨੁੱਖੀ ਸਮਾਜ ਦਾ ਇਤਿਹਾਸ ਛੁਪਿਆ ਪਿਆ ਹੈ। ਆਦਿ ਕਾਲ ਤੋਂ ਲੈ ਕੇ ਹੁਣ ਤੱਕ ਸਾਹਿਤ ਦਾ ਮਨੁੱਖੀ ਸਮਾਜ

ਉੱਤੇ ਗਾੜ੍ਹੀ ਪ੍ਰਭਾਵ ਪੈਂਦਾ ਰਿਹਾ ਹੈ। ਸਾਹਿਤ ਦੇ ਪ੍ਰਭਾਵ ਨਾਲ ਹੀ ਕਈ ਵਾਰੀ ਸਾਡੇ ਸਮਾਜ ਵਿਚ ਪਰਿਵਰਤਨ ਆਉਂਦੇ ਰਹਿੰਦੇ ਹਨ। ਇਸਦੇ ਪ੍ਰਭਾਵ ਨਾਲ ਏਕੀਆਂ - ਕੁਰੀਤੀਆਂ ਤੇ ਸੂਖਮ- ਸੂਖਮ ਦੀਆਂ ਘਟਨਾਵਾਂ ਦੀਆਂ, ਜੰਗ-ਜਾਗਰੀ ਲਈ ਉਤਸਾਹਿਤ ਹੋਇਆ ਅਤੇ ਉਹਨਾਂ ਨੇ ਆਪਣੇ ਸਮਾਜ ਨੂੰ ਹੀ ਧਰਮ ਦੇ ਰੰਗ ਦਿੱਤਾ। ਇਸ ਲਈ ਸਾਹਿਤ ਨੂੰ ਸਮਾਜ ਦੀ 'ਤਰੰਗੀ' ਵੀ ਕਹਿੰਦੇ ਹਨ। ਵਿਸ਼ਵਕਰਤੀ ਪਰਿਵਾਰਕ ਸਿੱਖਿਆ ਅਤੇ ਰੰਗ-ਰੂਪ ਲਈ ਸਮਾਜ ਦਾ ਰਿਣੀ ਹੈ। ਇਹ ਸਮਾਜ ਦੀਆਂ ਕ੍ਰਿਆਵਾਂ ਤੋਂ ਪ੍ਰਭਾਵਿਤ ਹੁੰਦਾ ਰਹਿੰਦਾ ਹੈ। ਮਨੁੱਖ ਸਮਾਜ ਦਾ ਰਿਣੀ ਹੈ ਕੇ ਸਮਾਜ ਵੱਲ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਦਾ ਹੈ।

ਸਾਹਿਤਕਾਰ ਲਈ ਮਨੁੱਖ ਮਨੁੱਖ ਹੈ, ਭਾਵੇਂ ਉਹ ਗਰੀਬ ਹੈ, ਦੁੱਖੀ ਹੈ ਮਜ਼ਲੂਮ ਹੈ, ਪਰ ਫੇਰ ਵੀ ਇਨਸਾਨ ਹੈ। ਉਸਦੀ ਕਲਪਨਾ ਵਿਸ਼ਵ ਦੇ ਹਰ ਕੋਨੇ ਵਿਚ ਘੁੰਮਦੀ ਰਹਿੰਦੀ ਹੈ। ਇਸਦੀ ਸੰਵੇਦਨਾ ਨੂੰ ਸਾਹਿਤ ਅਤੇ ਇਸ ਤੋਂ ਤੇ ਅਹਿਸਾਸ ਦੋਹਨਾਂ ਦੇ ਦੋ ਜ਼ਰੂਰੀ ਅੰਗ ਪੱਖ ਹਨ। ਜੋ ਸਾਹਿਤਕਾਰ ਨੂੰ ਸਾਹਿਤ ਰਚਨਾ ਲਈ ਪ੍ਰੇਰਦੇ ਰਹਿੰਦੇ ਹਨ। ਹਾਰਡੀ ਅਨੁਸਾਰ, "ਕੁਦਰਤ ਪ੍ਰੇਤਮ ਨਿਰਦਈ ਅਤੇ ਅੰਨ੍ਹੀ ਸ਼ਕਤੀ ਹੈ ਜੋ ਮਨੁੱਖ ਦੇ ਦੁਖਾਂਤ ਦਾ ਇਕ ਕਾਰਨ ਬਣਦੀ ਹੈ" ਜੋ, ਪਰਿਸਥਿਤੀਆਂ ਬਣੀਆਂ ਬਲਵਾਨ ਹਨ।

**ਸਿੱਟਾ :-** ਅੰਤ ਵਿੱਚ ਅਸੀਂ ਆਖ ਸਕਦੇ ਹਾਂ ਕਿ ਸਾਹਿਤ ਸਮਾਜ ਦੇ ਹਿੱਤ ਲਈ ਅਤੇ ਸਾਹਿਤਕਾਰ ਸਮਾਜ ਦਾ ਰਿਣੀ ਹੁੰਦਾ ਹੈ। ਸਾਹਿਤ ਅਤੇ ਸਮਾਜ ਦੇ ਸੰਬੰਧਾਂ ਦਾ ਇਹ ਸਮੱਸਿਆ ਬਣਨਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਹਨਾਂ ਦੋਹਾਂ ਦਾ ਆਤਮਾ ਤੇ ਸਰੀਰ ਵਰਗਾ ਗੂੜ੍ਹਾ ਸੰਬੰਧ ਹੈ। ਹਰ ਕਾਲ ਵਿਚ ਰਚੀ ਸਾਹਿਤਕ ਰਚਨਾ ਵਿਚ ਉਸ ਸਮੇਂ ਦੀ ਸਮਾਜਿਕ ਦਸ਼ਾ ਵੇਖੀ ਜਾ ਸਕਦੀ ਹੈ। ਇਸੇ ਲਈ, 'ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਹਿੰਦੇ ਹਨ।